# जय माता दी होवे गड्डी दे विच

ਜੈ ਮਾਤਾ ਦੀ ਹੋਵੇ ਗੱਡੀ ਦੇ ਵਿੱਚ

ਛੂੰ ਛਾਂ, ਛਾਰਾ ਰਾਰਾ, ਹੋਵੇ,ਪਹਾੜਾਂ ਵਿੱਚ ॥
ਜੈ ਮਾਤਾ ਦੀ, ਜੈ ਮਾਤਾ ਦੀ, ਹੋਵੇ,ਗੱਡੀ ਦੇ ਵਿੱਚ ॥
ਛੂੰ ਛਾਂ, ਛਾਰਾ ਰਾਰਾ..........

ਮੇਹਰ ਕਰਕੇ, ਮਈਆ / ਦਾਤੀ ਨੇ, ਮੇਹਰ ਕਰਕੇ ॥
ਹੋ ਸਾਨੂੰ ।, ਤਾਰਿਆ ਮਈਆ ਨੇ, ਸਾਡੀ ਬਾਂਹ ਫੜ੍ਹ ਕੇ ।
ਹੋ ਸਾਨੂੰ, ਤਾਰਿਆ ਅੰਬੇ ਨੇ, ਸਾਡੀ ਬਾਂਹ ਫੜ੍ਹ ਕੇ ।
ਹੋ ਸਾਨੂੰ, ਤਾਰਿਆ ਦਾਤੀ ਨੇ, ਸਾਡੀ ਬਾਂਹ ਫੜ੍ਹ ਕੇ ।

ਲੋੜ੍ਹ ਕੋਈ ਨਾ, ਕਿਸੇ ਦੀ, ਲੋੜ੍ਹ ਕੋਈ ਨਾ ।
ਹੋ ਸਾਡਾ ।, ਤੇਰੇ ਤੋਂ ਵਗੈਰ, ਮਈਆ ਹੋਰ ਕੋਈ ਨਾ ।
ਹੋ ਸਾਡਾ, ਤੇਰੇ ਤੋਂ ਵਗੈਰ, ਅੰਬੇ ਹੋਰ ਕੋਈ ਨਾ ।
ਹੋ ਸਾਡਾ, ਤੇਰੇ ਤੋਂ ਵਗੈਰ, ਦਾਤੀ ਹੋਰ ਕੋਈ ਨਾ ।

ਮੈਂ ਨੀ, ਡੋਲ੍ਹਦਾ, ਓ ਮਈਆ / ਦਾਤੀ, ਮੈਂ ਨੀ ਡੋਲ੍ਹਦਾ ।
ਹੋ ਮੇਰਾ ।, ਮਈਆ ਜੀ ਦੇ, ਭਗਤਾਂ 'ਚ ਨਾਂਅ ਬੋਲਦਾ ।
ਹੋ ਮੇਰਾ, ਦਾਤੀ ਦਿਆਂ, ਬੱਚਿਆਂ 'ਚ ਨਾਂਅ ਬੋਲਦਾ ।
ਹੋ ਮੇਰਾ, ਅੰਬੇ ਦਿਆਂ, ਬੱਚਿਆਂ 'ਚ ਨਾਂਅ ਬੋਲਦਾ ।

ਝੋਲੀ ਭਰ ਦੇ, ਓ ਮਈਆ / ਦਾਤੀ, ਝੋਲੀ ਭਰ ਦੇ ।
ਹੋ ਅਸੀਂ ।, ਮਈਆ ਦੇ ਦਵਾਰੇ ਉੱਤੇ, ਆ ਗਏ ਚੜ੍ਹ ਕੇ ।
ਹੋ ਅਸੀਂ, ਅੰਬੇ ਦੀ ਗੁਫ਼ਾ ਦੇ ਉੱਤੇ, ਆ ਗਏ ਚੜ੍ਹ ਕੇ ।
ਹੋ ਅਸੀਂ, ਦਾਤੀ ਦਿਆਂ ਭਵਨਾਂ 'ਚ, ਆ ਗਏ ਚੜ੍ਹ ਕੇ ।

ਕੌਣ ਗੱਜਦਾ, ਓਹ ਵੇਖੋ, ਕੌਣ ਗੱਜਦਾ ।
ਹੋ ਮੇਰੀ ।, ਮਈਆ ਦੇ ਦਵਾਰੇ ਉੱਤੇ, ਸ਼ੇਰ ਗੱਜਦਾ ।
ਹੋ ਮੇਰੀ, ਮਈਆ ਦੀ ਗੁਫਾ ਦੇ ਉੱਤੇ, ਸ਼ੇਰ ਗੱਜਦਾ ।
ਹੋ ਮੇਰੀ, ਮਈਆ ਦੇ ਭਵਨਾਂ ਦੇ ਵਿੱਚ, ਸ਼ੇਰ ਗੱਜਦਾ ।

ਚੰਗਾ, ਰਹਿ ਗਿਆ, ਓਹ, ਚੰਗਾ ਰਹਿ ਗਿਆ ।
ਹੋ ਜੇਹੜਾ ।, ਮਈਆ ਦੇ ਦਵਾਰੇ ਉੱਤੇ, ਆ ਕੇ ਬਹਿ ਗਿਆ ।
ਹੋ ਜੇਹੜਾ, ਦਾਤੀ ਦੀ ਗੁਫ਼ਾ ਦੇ ਉੱਤੇ, ਆ ਕੇ ਬਹਿ ਗਿਆ ।
ਹੋ ਜੇਹੜਾ, ਅੰਬੇ ਦਿਆਂ ਭਵਨਾਂ 'ਚ, ਆ ਕੇ ਬਹਿ ਗਿਆ ।

ਛੂੰ ਛਾਂ, ਛਾਰਾ ਰਾਰਾ, ਹੋਵੇ ਪਹਾੜਾਂ ਵਿੱਚ ।
ਜੈ ਮਾਤਾ ਦੀ, ਜੈ ਮਾਤਾ ਦੀ, ਹੋਵੇ ਗੱਡੀ ਦੇ ਵਿੱਚ ॥
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33366/title/JAI-MATA-DI-HOVE-GADDI-DE-VICH

अपने Android मोबाइल पर BhajanGanga App डाउनलोड करें और भजनों का आनंद ले |